11

# ਵਿਆਹ ਅਤੇ ਤਲਾਕ

PJB 011

ਓਨਟਾਰਿਓ ਵਿੱਚ ਔਰਤਾਂ ਲਈ ਪਰਿਵਾਰਕ ਕਾਨੂੰਨ



## ਸਾਰੀਆਂ ਔਰਤਾਂ। ਇੱਕੋ ਪਰਿਵਾਰਕ ਕਾਨੂੰਨ।

ਆਪਣੇ ਹੱਕ ਜਾਣੋ।

flew Family Law Education for Women
Women's Right to Know

fodf Femmes ontariennes et droit de la famille
Le droit de savoir

# ਵਿਆਹ ਅਤੇ ਤਲਾਕ

*ਇਸ ਕਿਤਾਬਚੇ ਦਾ ਮਕਸਦ ਤੁਹਾਨੂੰ ਕਾਨੂੰਨੀ ਮਸਲਿਆਂ ਬਾਰੇ ਬੁਨਿਆਦੀ ਜਾਣਕਾਰੀ ਦੇਣਾ ਹੈ। ਇਹ ਵਿਅਕਤੀਗਤ ਕਾਨੂੰਨੀ ਸਲਾਹ ਅਤੇ ਸਹਾਇਤਾ ਵਾਸਤੇ ਵਿਕਲਪ ਨਹੀਂ ਹੈ। ਜੇ ਤੁਸੀਂ ਪਰਿਵਾਰਕ ਕਾਨੂੰਨ ਦੇ ਮਸਲਿਆਂ ਨਾਲ ਨਜਿੱਠ ਰਹੇ ਹੋ, ਤਾਂ ਸਿਫਾਰਸ਼ ਕੀਤੀ ਜਾਂਦੀ ਹੈ ਕਿ ਤੁਸੀਂ ਆਪਣੀਆਂ ਚੋਣਾਂ ਸਮਝਣ ਅਤੇ ਆਪਣੇ ਹੱਕਾਂ ਦੀ ਰੱਖਿਆ ਕਰਨ ਲਈ ਜਿੰਨੀ ਜਲਦੀ ਸੰਭਵ ਹੋਏ ਕਾਨੂੰਨੀ ਸਲਾਹ ਪ੍ਰਾਪਤ ਕਰੋ। ਪਰਿਵਾਰਕ ਕਾਨੂੰਨ ਦਾ ਵਕੀਲ ਕਿਵੇਂ ਲੱਭਣਾ ਹੈ ਅਤੇ ਉਸ ਲਈ ਭੁਗਤਾਨ ਕਿਵੇਂ ਕਰਨਾ ਹੈ ਬਾਰੇ ਹੋਰ ਜਾਣਕਾਰੀ ਲਈ, ਸਾਡਾ ਕਿਤਾਬਚਾ "ਪਰਿਵਾਰਕ ਕਾਨੂੰਨ ਨਾਲ ਸੰਬੰਧਤ ਤੁਹਾਡੀ ਸਮੱਸਿਆ ਲਈ ਸਹਾਇਤਾ ਲੱਭਣਾ" ਦੇਖੋ। ਤੁਸੀਂ "ਲੁਕਿੰਗ ਫਾਰ ਏ ਫੈਮਲੀ ਲਾਅ ਲੌਇਰ", "ਪ੍ਰੌਪਰਟੀ ਰਾਇਟਸ ਐਂਡ ਔਬਲੀਗੇਸ਼ਨਜ਼ ਆਫ ਮੈਰਿਡ ਐਂਡ ਕੋ-ਹੈਬੀਟਿੰਗ ਪਾਰਟਨਰਜ਼" ਅਤੇ ਪਰਿਵਾਰਕ ਕਾਨੂੰਨ ਦੇ ਦੂਸਰੇ ਵਿਸ਼ਿਆਂ ਤੇ ਸਾਡੇ ਵੈਬੀਨਾਰ ਵੀ ਦੇਖਣਾ ਚਾਹ ਸਕਦੇ ਹੋ। ਇਹ ਸਾਰੇ ਸਾਧਨ www.onefamilylaw.ca ਤੇ ਸਾਡੀ ਵੈੱਬਸਾਇਟ ਤੇ ਹਨ।*

## ਕੈਨੇਡਾ ਵਿੱਚ ਕਾਨੂੰਨੀ ਵਿਆਹ ਕੀ ਹੈ?

ਕੈਨੇਡਾ ਵਿੱਚ ਵਿਆਹ ਦੀ ਵਿਧੀ ਦੇ ਕਾਨੂੰਨੀ ਤੌਰ ਤੇ ਜਾਇਜ਼ ਹੋਣ ਲਈ, ਨਿਯਮਾਂ ਦੇ ਅਜਿਹੇ ਦੋ ਸੈੱਟ ਹਨ ਜਿੰਨ੍ਹਾਂ ਦੀ ਪਾਲਣਾ ਕਰਨਾ ਦੋਵੇਂ ਸਾਥੀਆਂ ਵਾਸਤੇ ਜਰੂਰੀ ਹੈ। ਨਿਯਮਾਂ ਦਾ ਪਹਿਲਾ ਸੈਟ ਇਸ ਬਾਰੇ ਗੱਲ ਕਰਦਾ ਹੈ ਕਿ ਕਿਸ ਨੂੰ ਕਾਨੂੰਨੀ ਤੌਰ ਤੇ ਵਿਆਹ ਕਰਨ ਦੀ ਇਜਾਜ਼ਤ ਹੈ। ਨਿਯਮਾਂ ਦਾ ਦੂਸਰਾ ਸੈਟ ਇਸ ਬਾਰੇ ਗੱਲ ਕਰਦਾ ਹੈ ਕਿ ਤੁਹਾਡੇ ਵਿਆਹ ਦੀ ਵਿਧੀ ਕਿਸ ਤਰ੍ਹਾਂ ਦੀ ਹੁੰਦੀ ਹੈ।

### 1) ਓਨਾਟਾਰਿਓ ਵਿੱਚ ਕੌਣ ਵਿਆਹ ਕਰ ਸਕਦਾ ਹੈ?

ਇਸ ਬਾਰੇ ਕਾਨੂੰਨ ਹਨ ਕਿ ਕੌਣ ਕਾਨੂੰਨੀ ਤੌਰ ਤੇ ਵਿਆਹ ਕਰ ਸਕਦਾ ਹੈ ਅਤੇ ਕੌਣ ਨਹੀਂ। ਇਹ ਇਸ ਬਾਰੇ ਮੁੱਖ ਨਿਯਮ ਹਨ ਕਿ ਕਿਸ ਨੂੰ ਕਾਨੂੰਨੀ ਤੌਰ ਤੇ ਵਿਆਹ ਕਰਨ ਦੀ ਇਜਾਜ਼ਤ ਹੈ:

a) ਓਨਾਟਾਰਿਓ ਵਿੱਚ, ਵਿਆਹ ਕਰਨ ਲਈ ਤੁਹਾਡੀ ਉਮਰ ਘੱਟੋ ਘੱਟ **18 ਸਾਲ** ਹੋਣੀ ਚਾਹੀਦੀ ਹੈ।

- ਜੇ ਤੁਸੀਂ 16 ਜਾਂ 17 ਸਾਲ ਦੇ ਹੋ ਤਾਂ ਅਪਵਾਦ ਹੈ। ਤੁਸੀਂ ਵਿਆਹ ਕਰਵਾ ਸਕਦੇ ਹੋ ਜੇ ਤੁਹਾਡੇ ਕੋਲ ਤੁਹਾਡੇ ਦੋਵੇਂ ਮਾਪਿਆਂ, ਇੱਕ ਕਾਨੂੰਨੀ ਸਰਪ੍ਰਸਤ ਜਾਂ ਅਦਾਲਤ ਤੋਂ ਲਿਖਤੀ ਇਜਾਜ਼ਤ ਹੈ। ਦੂਸਰੇ ਪ੍ਰਾਂਤਾਂ ਅਤੇ ਪ੍ਰਦੇਸ਼ਾਂ ਵਿੱਚ ਉਮਰ ਸੰਬੰਧੀ ਵੱਖਰੇ ਨਿਯਮ ਹਨ।

b) ਕੈਨੇਡਾ ਭਰ ਵਿੱਚ, **16 ਸਾਲ ਤੋਂ ਘੱਟ ਉਮਰ** ਦੇ ਬੱਚੇ ਵਿਆਹ ਨਹੀਂ ਕਰ ਸਕਦੇ, ਉਨ੍ਹਾਂ ਦੇ ਮਾਪਿਆਂ ਕੋਲੋਂ ਇਜਾਜ਼ਤ ਦੇ ਨਾਲ ਵੀ। ਵਿਆਹ ਦੀ ਇੱਕ ਅਜਿਹੀ ਵਿਧੀ ਦਾ ਜਸ਼ਨ ਮਨਾਉਣਾ, ਉਸ ਵਿੱਚ ਮਦਦ ਕਰਨਾ ਜਾਂ ਉਸ ਵਿੱਚ ਭਾਗ ਲੈਣਾ

ਫੌਜਦਾਰੀ ਕਾਨੂੰਨ ਦੇ ਵਿਰੁੱਧ ਹੈ ਜੇ ਤੁਸੀਂ ਜਾਣਦੇ ਹੋ ਕਿ ਵਿਆਹ ਕਰਵਾ ਰਹੇ ਵਿਅਕਤੀਆਂ ਵਿੱਚੋਂ ਇੱਕ 16 ਸਾਲ ਦੀ ਉਮਰ ਤੋਂ ਘੱਟ ਹੈ।

c) ਤੁਸੀਂ ਕਿਸੀ ਵੀ ਅਜਿਹੇ ਵਿਅਕਤੀ ਨਾਲ ਵਿਆਹ ਕਰ ਸਕਦੇ ਹੋ ਜਿਹੜਾ ਵਿਆਹ ਕਰਨ ਦੀ ਕਾਨੂੰਨੀ ਉਮਰ ਦਾ ਹੈ। ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਸਾਥੀਆਂ ਦਾ ਸੈਕਸ ,ਜਾਂ ਲਿੰਗ ਕੀ ਹਨ।

d) ਜੇ ਤੁਹਾਡਾ ਅਤੇ ਤੁਹਾਡੇ ਸਾਥੀ ਦਾ ਬਹੁਤ ਨੇੜੇ ਦਾ ਰਿਸ਼ਤਾ ਹੈ, ਖ਼ੂਨ ਜਾਂ ਗੋਦ ਲਏ ਜਾਣ ਰਾਹੀਂ, ਤਾਂ ਤੁਸੀਂ ਵਿਆਹ ਨਹੀਂ ਕਰਵਾ ਸਕੋਗੇ। ਆਪਣੇ ਮਾਤਾ ਜਾਂ ਪਿਤਾ, ਦਾਦਾ-ਦਾਦੀ/ਨਾਨਾ-ਨਾਨੀ, ਬੱਚੇ, ਪੋਤਾ –ਪੋਤੀ/ਦੋਹਤਾ ਦੋਹਤੀ, ਭੈਣ ਜਾਂ ਭਰਾ, ਮਤਰੇਅ ਭਰਾ ਜਾਂ ਭੈਣ ਨਾਲ ਵਿਆਹ ਕਰਨਾ ਕਾਨੂੰਨ ਦੇ ਵਿਰੁੱਧ ਹੈ।

e) ਜੇ ਤੁਸੀਂ ਪਹਿਲਾਂ ਹੀ ਵਿਆਹੇ ਹੋਏ ਹੋ, ਤੁਸੀਂ ਇੱਕ ਹੋਰ ਵਿਅਕਤੀ ਨਾਲ ਵਿਆਹ ਨਹੀਂ ਕਰਵਾ ਸਕਦੇ। ਕੈਨੇਡਾ ਵਿੱਚ ਇੱਕ ਤੋਂ ਵੱਧ ਪਤੀ ਜਾਂ ਪਤਨੀ ਰੱਖਣਾ ਕਾਨੂੰਨ ਦੇ ਵਿਰੁੱਧ ਹੈ। ਇਸ ਨੂੰ **ਪੌਲੀਗੈਮੀ** ਕਿਹਾ ਜਾਂਦਾ ਹੈ।

- ਜੇ ਅਤੀਤ ਵਿੱਚ ਤੁਹਾਡਾ ਵਿਆਹ ਹੋਇਆ ਸੀ, ਤਾਂ ਤੁਹਾਡੇ ਲਈ ਕਿਸੀ ਹੋਰ ਨਾਲ ਵਿਆਹ ਕਰਵਾ ਸਕਣ ਤੋਂ ਪਹਿਲਾਂ ਇਹ ਸਾਬਤ ਕਰਨਾ ਲਾਜ਼ਮੀ ਹੈ ਕਿ ਹੁਣ ਤੁਸੀਂ ਉਸ ਵਿਅਕਤੀ ਨਾਲ ਵਿਆਹੇ ਹੋਏ ਨਹੀਂ ਹੋ, ਤਲਾਕ ਜਾਂ ਮੌਤ ਕਰਕੇ। ਜੇ ਤੁਹਾਡਾ ਤਲਾਕ ਕੈਨੇਡਾ ਤੋਂ ਬਾਹਰ ਹੋਇਆ ਸੀ, ਤਾਂ ਤੁਹਾਨੂੰ ਇਹ ਸਾਬਤ ਕਰਨ ਦੀ ਲੋੜ ਹੋਏਗੀ ਕਿ ਤੁਹਾਡਾ ਤਲਾਕ ਉਸ ਦੇਸ਼ ਵਿੱਚ ਕਾਨੂੰਨੀ ਤੌਰ ਤੇ ਜਾਇਜ਼ ਸੀ। (ਤਲਾਕ ਬਾਰੇ ਹੇਠਾਂ ਹੋਰ ਜਾਣਕਾਰੀ ਦਿੱਤੀ ਗਈ ਹੈ)।

f) ਤੁਹਾਡੇ ਅਤੇ ਤੁਹਾਡੇ ਸਾਥੀ ਦੋਵਾਂ ਵਾਸਤੇ ਇਹ ਸਮਝਣਾ ਜਰੂਰੀ ਹੈ ਕਿ ਵਿਆਹ ਕਰਵਾਉਣ ਦਾ ਕੀ ਮਤਲਬ ਹੈ। ਤੁਹਾਡੇ ਦੋਵਾਂ ਲਈ ਆਪਣੀ ਮਰਜ਼ੀ ਨਾਲ ਵਿਆਹ ਕਰਵਾਉਣ ਵਾਸਤੇ ਸਹਿਮਤ ਹੋਣਾ ਲਾਜ਼ਮੀ ਹੈ। ਕਾਨੂੰਨ ਇਸ ਨੂੰ "**ਗਿਆਨਵਾਨ ਅਤੇ ਸੂਚਿਤ ਸਹਿਮਤੀ**" ਕਹਿੰਦਾ ਹੈ।

- ਜੇ ਤੁਹਾਨੂੰ ਵਿਆਹ ਕਰਵਾਉਣ ਲਈ ਮਜਬੂਰ ਕੀਤਾ ਜਾਂਦਾ ਹੈ, ਤਾਂ ਉਹ ਵਿਆਹ ਕਾਨੂੰਨੀ ਤੌਰ ਤੇ ਜਾਇਜ਼ ਨਹੀਂ ਹੈ। ਵਿਆਹ ਦੀ ਇੱਕ ਅਜਿਹੀ ਵਿਧੀ ਦਾ ਜਸ਼ਨ ਮਨਾਉਣਾ, ਉਸ ਵਿੱਚ ਮਦਦ ਕਰਨਾ ਜਾਂ ਉਸ ਵਿੱਚ ਭਾਗ ਲੈਣਾ ਫੌਜਦਾਰੀ ਕਾਨੂੰਨ ਦੇ ਵਿਰੁੱਧ ਹੈ ਜੇ ਤੁਸੀਂ ਜਾਣਦੇ ਹੋ ਕਿ ਵਿਆਹ ਕਰਵਾ ਰਹੇ ਸਾਥੀਆਂ ਵਿੱਚੋਂ ਇੱਕ ਅਜਿਹਾ ਨਹੀਂ ਕਰਨਾ ਚਾਹੁੰਦਾ ਅਤੇ ਉਸ ਨੂੰ ਵਿਆਹ ਕਰਨ ਲਈ ਮਜਬੂਰ ਕੀਤਾ ਜਾ ਰਿਹਾ ਹੈ।

### 2) ਤੁਹਾਡੇ ਵਿਆਹ ਦੀ ਵਿਧੀ ਦੀਆਂ ਆਵਸ਼ੱਕਤਾਵਾਂ

ਨਿਯਮਾਂ ਦਾ ਦੂਸਰਾ ਸੈਟ ਇਸ ਬਾਰੇ ਗੱਲ ਕਰਦਾ ਹੈ ਕਿ ਤੁਹਾਡੇ ਵਿਆਹ ਦੀ ਵਿਧੀ ਕਿਸ ਤਰ੍ਹਾਂ ਦੀ ਹੁੰਦੀ ਹੈ। ਜੇ ਤੁਸੀਂ ਕੈਨੇਡਾ ਵਿੱਚ ਵਿਆਹ ਕਰਦੇ ਹੋ, ਤਾਂ ਤੁਹਾਡੇ ਵਿਆਹ ਲਈ ਉਸ ਪ੍ਰਾਂਤ ਦੇ ਕਾਨੂੰਨ ਦੀ ਪਾਲਣਾ ਕਰਨਾ ਜਰੂਰੀ ਹੈ ਜਿਥੇ ਤੁਹਾਡੀ ਵਿਧੀ ਹੁੰਦੀ ਹੈ।

ਦੋਵੇਂ ਸਾਥੀਆਂ ਲਈ ਵਿਅਕਤੀਗਤ ਰੂਪ ਨਾਲ ਵਿਧੀ ਵਿੱਚ ਭਾਗ ਲੈਣਾ ਲਾਜ਼ਮੀ ਹੈ। ਫੋਨ ਜਾਂ ਇੰਟਰਨੈੱਟ ਰਾਹੀਂ ਵਿਆਹ ਕਰਵਾਉਣਾ ਸੰਭਵ ਨਹੀਂ ਹੈ। ਦੋਵੇਂ ਸਾਥੀਆਂ ਲਈ ਉਸ ਵਿਅਕਤੀ ਦੇ ਸਾਮ੍ਹਣੇ ਖੜ੍ਹਾ ਹੋਣਾ ਲਾਜ਼ਮੀ ਹੈ ਜਿਸ ਨੂੰ ਕਾਨੂੰਨੀ ਤੌਰ ਤੇ ਵਿਧੀ ਕਰਨ ਦੀ ਆਗਿਆ ਹੈ।

ਓਨਟਾਰਿਓ ਵਿੱਚ, ਇਸ ਤੋਂ ਪਹਿਲਾਂ ਕਿ ਤੁਸੀਂ ਵਿਆਹ ਕਰ ਸਕੋ, ਤੁਹਾਡੇ ਵਾਸਤੇ ਉਸ ਨਗਰ, ਸ਼ਹਿਰ ਜਾਂ ਨਗਰ ਪਾਲਿਕਾ ਵਿਚਲੇ ਸਰਕਾਰੀ ਦਫਤਰ ਤੋਂ ਇੱਕ **ਮੈਰਿਜ ਲਾਇਸੈਂਸ** ਪ੍ਰਾਪਤ ਕਰਨਾ ਜਰੂਰੀ ਹੈ ਜਿਥੇ ਤੁਸੀਂ ਰਹਿੰਦੇ ਹੋ। ਇਹ ਲਾਇਸੈਂਸ ਜਿਸ ਲਈ ਇੱਕ ਛੋਟੀ ਜਿਹੀ ਫੀਸ ਲਗਦੀ ਹੈ, ਤਿੰਨ (3) ਮਹੀਨਿਆਂ ਲਈ ਵੈਧ ਹੁੰਦਾ ਹੈ। ਤੁਹਾਡੇ ਲਈ ਲਾਇਸੈਂਸ ਨੂੰ ਉਸ ਵਿਅਕਤੀ ਕੋਲੋਂ ਹਸਤਾਖਰ ਕਰਵਾਉਣ ਲਈ ਲਿਆਉਣਾ ਜਰੂਰੀ ਹੈ ਜੋ ਵਿਆਹ ਦੀ ਵਿਧੀ ਕਰਦਾ ਹੈ, ਓਨਟਾਰਿਓ ਭਰ ਵਿੱਚ ਕਿਧਰੇ ਵੀ।

ਓਨਟਾਰਿਓ ਵਿੱਚ ਵਿਆਹ ਦੇ ਕਾਨੂੰਨੀ ਤੌਰ ਤੇ ਜਾਇਜ਼ ਹੋਣ ਲਈ, ਵਿਆਹ ਕਰਵਾਉਣ ਵਾਲੇ ਵਿਅਕਤੀ ਦਾ ਸਰਕਾਰ ਦੁਆਰਾ ਲਸੰਸਸ਼ੁਦਾ ਜਾਂ ਮਾਨਤਾ ਪ੍ਰਾਪਤ ਹੋਣਾ ਜਰੂਰੀ ਹੈ। ਤੁਸੀਂ ਓਨਟਾਰਿਓ ਵਿੱਚ ਇੱਕ ਧਾਰਮਿਕ ਵਿਧੀ ਜਾਂ ਸਿਵਲ (ਗੈਰ-ਧਾਰਮਿਕ) ਵਿਧੀ ਵਿੱਚ ਵਿਆਹ ਕਰਵਾ ਸਕਦੇ ਹੋ।

- ਧਾਰਮਿਕ ਵਿਧੀ: ਇੱਕ ਧਾਰਮਿਕ ਅਧਿਕਾਰੀ ਜੋ ਕਿ ਓਨਟਾਰਿਓ ਵਿੱਚ ਲੋਕਾਂ ਦੇ ਵਿਆਹ ਕਰਵਾਉਣ ਵਾਸਤੇ ਰਜਿਸਟਰਡ ਹੈ ਕਾਨੂੰਨੀ ਤੌਰ ਤੇ ਤੁਹਾਡਾ ਵਿਆਹ ਕਰਵਾ ਸਕਦਾ ਹੈ, ਜਿਵੇਂ ਕਿ ਪੈਸਟਰ,ਪਾਦਰੀ, ਯੂਹੁਦੀ ਪਾਦਰੀ (Rabbi) ਜਾਂ ਇਮਾਮ।
- ਸਿਵਲ ਵਿਧੀ: ਇੱਕ ਜੱਜ, ਜਸਟਿਸ ਆਫ ਦ ਪੀਸ, ਸਿਟੀ ਕਲਰਕ, ਜਾਂ ਅਜਿਹਾ ਕੋਈ ਹੋਰ ਵਿਅਕਤੀ ਜੋ ਕਿ ਓਨਟਾਰਿਓ ਵਿੱਚ ਲੋਕਾਂ ਦੇ ਵਿਆਹ ਕਰਵਾਉਣ ਵਾਸਤੇ ਲਸੰਸਸ਼ੁਦਾ ਹੈ ਕਾਨੂੰਨੀ ਤੌਰ ਤੇ ਤੁਹਾਡਾ ਵਿਆਹ ਕਰਵਾ ਸਕਦਾ ਹੈ।

**ਮੈਰਿਜ ਸਰਟੀਫੀਕੇਟ (marriage certificate)** ਇੱਕ ਅਜਿਹਾ ਸਰਕਾਰੀ ਕਾਗਜ਼ ਹੈ ਜਿਹੜਾ ਸਾਬਤ ਕਰਦਾ ਹੈ ਕਿ ਤੁਸੀਂ ਕਾਨੂੰਨੀ ਤੌਰ ਤੇ ਵਿਆਹੇ ਹੋਏ ਹੋ। ਤੁਸੀਂ ਮੈਰਿਜ ਸਰਟੀਫੀਕੇਟ ਪ੍ਰਾਪਤ ਕਰ ਸਕਦੇ ਹੋ ਜੇ ਦੋ ਅਜਿਹੇ ਲੋਕ ਜੋ ਤੁਹਾਡੇ ਵਿਆਹ ਦੀ ਵਿਧੀ ਦੇਖਦੇ ਹਨ ਮੈਰਿਜ ਲਸੰਸ ਤੇ ਹਸਤਾਖਰ ਕਰਦੇ ਹਨ,

ਅਤੇ ਤੁਹਾਡੀ ਵਿਧੀ ਕਰਵਾਉਣ ਵਾਲਾ ਵਿਅਕਤੀ ਹਸਤਾਖਰ ਕੀਤੇ ਅਤੇ ਭਰੇ ਹੋਏ ਮੈਰਿਜ ਲਸੰਸ ਨੂੰ ਸਰਕਾਰ ਦੇ ਰਿਕਾਰਡ ਆਫਿਸ ਨੂੰ ਭੇਜਦਾ ਹੈ। ਓਨਟਾਰਿਓ ਵਿੱਚ, ਇਸ ਆਫਿਸ ਨੂੰ ਸਰਵਿਸ ਓਨਟਾਰਿਓ ਕਿਹਾ ਜਾਂਦਾ ਹੈ।

## ਕੀ ਦੂਸਰੇ ਦੇਸ਼ਾਂ ਵਿੱਚ ਕਰਵਾਏ ਗਏ ਵਿਆਹ ਕੈਨੇਡਾ ਵਿੱਚ ਕਾਨੂੰਨੀ ਤੌਰ ਤੇ ਜਾਇਜ਼ ਹਨ?

ਜਿਆਦਾਤਰ, ਕੈਨੇਡਾ ਦੇ ਬਾਹਰ ਕੀਤੇ ਗਏ ਕਾਨੂੰਨੀ ਤੌਰ ਤੇ ਜਾਇਜ਼ ਵਿਆਹਾਂ ਨੂੰ ਇਥੇ ਕਾਨੂੰਨੀ ਤੌਰ ਤੇ ਜਾਇਜ਼ ਦੀ ਮਾਨਤਾ ਦਿੱਤੀ ਜਾਏਗੀ। ਜੇ ਤੁਸੀਂ ਕੈਨੇਡਾ ਵਿੱਚ ਰਹਿ ਰਹੇ ਹੋ ਅਤੇ ਤੁਸੀਂ ਵਿਆਹ ਕਰਵਾਉਣ ਲਈ ਦੂਸਰੇ ਦੇਸ਼ ਵਿੱਚ ਜਾਂਦੇ ਹੋ, ਤਾਂ ਤੁਹਾਡੀ ਵਿਧੀ ਨੂੰ ਉਸ ਦੇਸ਼ ਦੀਆਂ ਵਿਆਹ ਸੰਬੰਧੀ ਮੰਗਾਂ ਦੀ ਪਾਲਣਾ ਕਰਨੀ ਚਾਹੀਦੀ ਹੈ ਜਿਥੇ ਤੁਹਾਡਾ ਵਿਆਹ ਹੁੰਦਾ ਹੈ। ਵਿਆਹ ਦੇ ਕੈਨੇਡਾ ਵਿੱਚ ਕਾਨੂੰਨੀ ਤੌਰ ਤੇ ਜਾਇਜ਼ ਹੋਣ ਲਈ, ਤੁਹਾਡੇ ਉਨ੍ਹਾਂ ਨਿਯਮਾਂ ਦੀ ਪਾਲਣਾ ਕਰਨਾ ਵੀ ਜਰੂਰੀ ਹੈ ਕਿ ਕਨੇਡੀਅਨ ਕਾਨੂੰਨ ਹੇਠ ਕਿਸ ਨੂੰ ਵਿਆਹ ਕਰਨ ਦੀ ਆਗਿਆ ਹੈ (ਉੱਤੇ ਸਮਝਾਇਆ ਗਿਆ)।

## ਪੌਲੀਗੈਮੀ

ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਇੱਕ ਤੋਂ ਵੱਧ ਪਤੀ ਜਾਂ ਪਤਨੀ ਰੱਖਣਾ (ਜਿਸ ਨੂੰ "ਪੌਲੀਗੈਮੀ ਤੇ ਅਮਲ ਕਰਨਾ ਕਿਹਾ ਜਾਂਦਾ ਹੈ") ਕੈਨੇਡਾ ਵਿੱਚ ਕਾਨੂੰਨ ਦੇ ਵਿਰੁੱਧ ਹੈ। ਜੇ ਤੁਹਾਡਾ ਵਿਆਹ ਅਜਿਹੇ ਦੇਸ਼ ਵਿੱਚ ਹੋਇਆ ਸੀ ਜਿਥੇ ਪੌਲੀਗੈਮੀ ਕਾਨੂੰਨੀ ਤੌਰ ਤੇ ਜਾਇਜ਼ ਹੈ, ਤਾਂ ਇੱਕ ਵਿਅਕਤੀ ਦੇ ਕੇਵਲ ਇੱਕ ਹੋਰ ਵਿਅਕਤੀ ਨਾਲ ਵਿਆਹ ਨੂੰ ਹੀ ਇਥੇ ਕਾਨੂੰਨੀ ਤੌਰ ਤੇ ਜਾਇਜ਼ ਦੀ ਤਰ੍ਹਾਂ ਮਾਨਤਾ ਪ੍ਰਾਪਤ ਹੋਏਗੀ।

ਇਥੇ ਪੌਲੀਗੈਮੀ ਤੇ ਅਮਲ ਕਰਨ ਨਾਲ ਸੰਬੰਧਤ ਫੌਜਦਾਰੀ ਪਰਿਣਾਮ ਅਤੇ ਇੰਮੀਗ੍ਰੇਸ਼ਨ ਸੰਬੰਧੀ ਪਰਿਣਾਮ, ਜੇ ਤੁਸੀਂ ਇੰਮੀਗ੍ਰੇਸ਼ਨ ਰਾਹੀਂ ਕੈਨੇਡਾ ਆਏ ਸੀ,ਦੋਵੇਂ ਹਨ। ਜੇ ਤੁਸੀਂ ਚਿੰਤਤ ਹੋ ਕਿ ਪੌਲੀਗੈਮੀ ਦਾ ਤੁਹਾਡੇ ਤੇ ਕੀ ਅਸਰ ਹੋ ਸਕਦਾ ਹੈ, ਤਾਂ ਇੱਕ ਕ੍ਰਿਮਿਨਲ ਵਕੀਲ ਅਤੇ ਇੱਕ ਇੰਮੀਗ੍ਰੇਸ਼ਨ ਵਕੀਲ ਤੁਹਾਡੀ ਸਹਾਇਤਾ ਕਰ ਸਕਦੇ ਹਨ।

ਜੇ ਤੁਹਾਨੂੰ ਪੱਕਾ ਪਤਾ ਨਹੀਂ ਹੈ ਜੇਕਰ ਤੁਹਾਡਾ ਵਿਆਹ ਕੈਨੇਡਾ ਵਿੱਚ ਕਾਨੂੰਨੀ ਤੌਰ ਤੇ ਜਾਇਜ਼ ਹੈ, ਜਾਂ ਜੇ ਤੁਹਾਡੇ ਆਪਣੇ ਅਤੇ ਆਪਣੇ ਬੱਚਿਆਂ ਦੇ ਹੱਕਾਂ ਬਾਰੇ ਪ੍ਰਸ਼ਨ ਹਨ, ਤਾਂ ਪਰਿਵਾਰਕ ਕਾਨੂੰਨ ਦੇ ਵਕੀਲ ਤੋਂ ਕਾਨੂੰਨੀ ਸਲਾਹ ਪ੍ਰਾਪਤ ਕਰਨਾ ਮਹੱਤਵਪੂਰਨ ਹੈ।

## ਜੇ ਮੈਂ ਕਿਸੀ ਅਜਿਹੇ ਵਿਅਕਤੀ ਨਾਲ ਵਿਆਹ ਕਰਦੀ ਹਾਂ ਜੋ ਕਿ ਇੱਕ ਕਨੇਡੀਅਨ ਨਾਗਰਿਕ ਹੈ ਤਾਂ ਕੀ ਮੈਂ ਆਪਣੇ ਆਪ ਹੀ ਕਨੇਡੀਅਨ ਨਾਗਰਿਕ ਬਣ ਜਾਂਦੀ ਹਾਂ?

ਇੱਕ ਕਨੇਡੀਅਨ ਨਾਗਰਿਕ ਨਾਲ ਵਿਆਹ ਕਰਨਾ ਤੁਹਾਨੂੰ ਆਪਣੇ ਆਪ ਹੀ ਕੈਨੇਡਾ ਵਿੱਚ ਨਾਗਰਿਕਤਾ ਨਹੀਂ ਦਿੰਦਾ। ਅਜਿਹੀਆਂ ਖਾਸ ਕਰਾਵਾਈਆਂ ਹਨ ਜਿੰਨ੍ਹਾਂ ਦੀ ਪਾਲਣਾ ਤੁਹਾਨੂੰ ਕਨੇਡੀਅਨ ਨਾਗਰਿਕ ਬਣਨ ਲਈ ਕਰਨੀ ਪੈਂਦੀ ਹੈ ਅਤੇ ਨਾਗਰਿਕਤਾ ਲਈ ਬੇਨਤੀ ਕਰਨ ਲਈ ਮੰਗਾਂ ਹਨ ਜਿੰਨ੍ਹਾਂ ਨੂੰ ਪੂਰਾ ਕਰਨਾ ਜਰੂਰੀ ਹੈ। ਕਨੇਡੀਅਨ ਨਾਗਰਿਕਾਂ ਨਾਲ ਵਿਆਹੇ ਹੋਏ ਲੋਕਾਂ ਵਾਸਤੇ ਕੋਈ ਖਾਸ ਪ੍ਰਕਿਰਿਆ ਨਹੀਂ ਹੈ, ਪਰ ਇੱਕ ਕਨੇਡੀਅਨ ਨਾਗਰਿਕ ਜਾਂ ਸਥਾਈ ਨਾਗਰਿਕ ਆਪਣੇ ਪਤੀ ਜਾਂ ਪਤਨੀ ਨੂੰ ਸਥਾਈ ਨਾਗਰਿਕ ਦੀ ਤਰ੍ਹਾਂ ਕੈਨੇਡਾ ਵਿੱਚ ਰਹਿਣ ਲਈ ਸਪਾਂਸਰ ਕਰ ਸਕਦਾ ਹੈ।

ਸਥਾਈ ਰਿਹਾਇਸ਼, ਸਪਾਂਸਰਸ਼ਿਪ ਜਾਂ ਨਾਗਰਿਕਤਾ ਬਾਰੇ ਹੋਰ ਜਾਣਕਾਰੀ ਲਈ, **www.cic.gc.ca** ਤੇ **ਸਿਟੀਜ਼ਨਸ਼ਿਪ ਐਂਡ ਇੰਮੀਗ੍ਰੇਸ਼ਨ ਕੈਨੇਡਾ** ਦੀ ਵੈੱਬਸਾਇਟ ਦੇਖੋ। ਤੁਸੀਂ "ਪ੍ਰਵਾਸੀ, ਰਫ਼ਿਊਜੀ ਅਤੇ ਗੈਰ-ਰੁਤਬਾ ਔਰਤਾਂ ਲਈ ਪਰਿਵਾਰਕ ਕਾਨੂੰਨ ਸੰਬੰਧੀ ਮਸਲੇ" ਬਾਰੇ ਸਾਡਾ ਕਿਤਾਬਚਾ ਵੀ ਪੜ੍ਹ ਸਕਦੇ ਹੋ।

## ਕੈਨੇਡਾ ਵਿੱਚ ਤਲਾਕ ਅਤੇ ਅਲਹਿਦਗੀ

**ਤਲਾਕ** ਉਸ ਵੇਲੇ ਹੈ ਜਦੋਂ ਤੁਸੀਂ ਕਾਨੂੰਨੀ ਤੌਰ ਤੇ ਆਪਣਾ ਵਿਆਹ ਖਤਮ ਕਰਦੇ ਹੋ। **ਅਲਹਿਦਗੀ** ਉਸ ਵੇਲੇ ਹੈ ਜਦੋਂ ਅਜਿਹੇ ਦੋ ਸਾਥੀ ਜਿੰਨ੍ਹਾਂ ਦਾ ਵਿਆਹ ਹੋਇਆ ਹੈ ਜਾਂ ਜਿਹੜੇ ਵਿਆਹ ਤੋਂ ਬਿਨਾਂ ਰਿਸ਼ਤੇ ਵਿੱਚ ਸੀ ਆਪਣਾ ਰਿਸ਼ਤਾ ਖਤਮ ਕਰਨ ਅਤੇ ਵੱਖ ਵੱਖ ਜੀਵਨ ਜੀਣ ਦਾ ਫੈਸਲਾ ਕਰਦੇ ਹਨ।

ਜੇ ਤੁਹਾਡਾ ਵਿਆਹ ਹੋਇਆ ਹੈ ਤੁਸੀਂ ਵੱਖਰੇ ਹੋ ਸਕਦੇ ਹੋ ਜੇ ਤੁਸੀਂ ਕਾਨੂੰਨੀ ਤੌਰ ਤੇ ਤਲਾਕ ਨਹੀਂ ਲੈਂਦੇ ਤਾਂ ਵੀ। ਪਰ, ਜੇ ਤੁਸੀਂ ਜਾਂ ਤੁਹਾਡਾ ਸਾਥੀ ਕਿਸੇ ਹੋਰ ਨਾਲ ਵਿਆਹ ਕਰਨਾ ਚਾਹੁੰਦੇ ਹੋ, ਤਾਂ ਤੁਹਾਡੇ ਲਈ ਪਹਿਲਾਂ ਤਲਾਕ ਲੈਣਾ ਜਰੂਰੀ ਹੈ।

ਪਰਿਵਾਰ ਦਾ ਟੁੱਟਣਾ ਮੁਸ਼ਕਲ, ਤਣਾਅਪੂਰਣ ਸਮਾਂ ਹੈ। ਜੇ ਤੁਸੀਂ ਅਤੇ ਤੁਹਾਡਾ ਸਾਥੀ ਤਲਾਕ ਲੈਂਦੇ ਹੋ ਜਾਂ ਵੱਖਰੇ ਹੁੰਦੇ ਹੋ, ਤਾਂ ਤੁਹਾਨੂੰ ਕਈ ਸਾਰੇ ਕਾਨੂੰਨੀ ਮਸਲਿਆਂ ਨਾਲ ਨਿਪਟਣਾ ਪਏਗਾ। ਸੰਭਵ ਹੈ ਕਿ ਤੁਹਾਨੂੰ ਮਾਲੀ ਸਹਾਇਤਾ ਬਾਰੇ ਫੈਸਲਾ ਕਰਨਾ ਪਏ, ਆਪਣੇ ਬੱਚਿਆਂ ਬਾਰੇ ਇੰਤਜ਼ਾਮ ਕਰਨੇ ਪੈਣ, ਅਤੇ ਆਪਣੀ ਪਰਿਵਾਰਕ ਸੰਪਤੀ ਵੰਡਣੀ ਪਏ।

ਹਰ ਸਥਿਤੀ ਲਈ ਵਕੀਲ ਦੀ ਲੋੜ ਨਹੀਂ ਹੁੰਦੀ, ਪਰ ਪਰਿਵਾਰਕ ਕਾਨੂੰਨ ਦੀਆਂ ਬਹੁਤ ਸਾਰੀਆਂ ਸਮੱਸਿਆਵਾਂ ਲਈ, ਕਾਨੂੰਨੀ ਸਹਾਇਤਾ ਪ੍ਰਾਪਤ ਕਰਨਾ ਮਹੱਤਵਪੂਰਨ ਹੈ। ਪਰਿਵਾਰਕ ਕਾਨੂੰਨ ਦਾ ਵਕੀਲ ਕਿਵੇਂ ਲੱਭਣਾ ਹੈ ਅਤੇ ਉਸ ਲਈ

ਭੁਗਤਾਨ ਕਿਵੇਂ ਕਰਨਾ ਹੈ ਬਾਰੇ ਹੋਰ ਜਾਣਕਾਰੀ ਲਈ, ਸਾਡਾ ਫਲਿਊ (FLEW) ਕਿਤਾਬਚਾ "*ਪਰਿਵਾਰਕ ਕਾਨੂੰਨ ਨਾਲ ਸੰਬੰਧਤ ਤੁਹਾਡੀ ਸਮੱਸਿਆ ਲਈ ਸਹਾਇਤਾ ਲੱਭਣਾ*" ਦੇਖੋ।

ਵਿਆਹੇ ਹੋਏ ਪਤੀ ਜਾਂ ਪਤਨੀ ਲਈ ਅਦਾਲਤ ਤੋਂ ਇੱਕ ਡਿਵੋਰਸ ਆਰਡਰ ਪ੍ਰਾਪਤ ਕਰਨਾ ਜਰੂਰੀ ਹੈ ਜੇ ਉਹ ਕਾਨੂੰਨੀ ਤੌਰ ਤੇ ਆਪਣਾ ਵਿਆਹ ਖਤਮ ਕਰਨਾ ਚਾਹੁੰਦੇ ਹਨ। ਜੇ ਤੁਸੀਂ ਤਲਾਕ ਲੈਂਦੇ ਹੋ ਤਾਂ ਤੁਸੀਂ ਉਸੀ ਸਮੇਂ ਤੇ ਅਦਾਲਤ ਨੂੰ ਪਰਿਵਾਰਕ ਕਾਨੂੰਨ ਦੇ ਦੂਸਰੇ ਮਸਲਿਆਂ ਜਿਵੇਂ ਕਿ ਤੁਹਾਡੀ ਪਰਿਵਾਰਕ ਸੰਪਤੀ ਦੀ ਵੰਡ, ਤੁਹਾਡੇ ਅਤੇ ਤੁਹਾਡੇ ਬੱਚੇ ਲਈ ਮਾਲੀ ਸਹਾਇਤਾ ਦੇ ਭੁਗਤਾਨਾਂ ਅਤੇ ਪਾਲਣ ਪੋਸ਼ਣ ਸੰਬੰਧੀ ਯੋਜਵਾਨਾਂ ਜਿਹੜੀਆਂ ਫੈਸਲਾ ਕਰਦੀਆਂ ਹਨ ਕਿ ਇੱਕ ਮਾਤਾ ਜਾਂ ਪਿਤਾ ਨੂੰ ਸਪੁਰਦਗੀ ਮਿਲੇਗੀ ਜਾਂ ਬੱਚਿਆਂ ਨਾਲ ਮਿਲਣ ਲਈ ਪਹੁੰਚ, ਬਾਰੇ ਫੈਸਲਾ ਕਰਨ ਲਈ ਕਹਿ ਸਕਦੇ ਹੋ।

ਜੇ ਤੁਸੀਂ ਵੱਖਰੇ ਹੁੰਦੇ ਹੋ ਪਰ ਤਲਾਕ ਨਹੀਂ ਲੈਂਦੇ, ਤਾਂ ਵੀ ਤੁਸੀਂ ਅਦਾਲਤ ਨੂੰ ਇੰਨ੍ਹਾਂ ਮਸਲਿਆਂ ਵਿੱਚੋਂ ਕਿਸੇ ਵੀ ਬਾਰੇ ਫੈਸਲਾ ਕਰਨ ਲਈ ਕਹਿ ਸਕਦੇ ਹੋ।

ਤੁਸੀਂ ਅਤੇ ਤੁਹਾਡਾ ਸਾਥੀ ਸੰਪਤੀ, ਮਾਲੀ ਸਹਾਇਤਾ ਦੇ ਭੁਗਤਾਨਾਂ ਅਤੇ ਬੱਚਿਆਂ ਨੂੰ ਪਾਲਣ ਬਾਰੇ, ਅਦਾਲਤ ਵਿੱਚ ਜਾਏ ਬਿਨਾਂ,ਆਪਣੇ ਇੰਤਜ਼ਾਮ ਕਰ ਸਕਦੇ ਹੋ। ਆਪਣੇ ਸਮਝੌਤੇ ਨੂੰ ਅਲਹਿਦਗੀ ਦੇ ਸਮਝੌਤੇ ਵਿੱਚ ਲਿਖਣਾ ਇੱਕ ਚੰਗਾ ਵਿਚਾਰ ਹੈ। ਤੁਸੀਂ ਅਲਹਿਦਗੀ ਸਮਝੌਤਿਆਂ ਬਾਰੇ ਹੋਰ ਜਾਣਕਾਰੀ ਫਲਿਊ (FLEW) ਦੀ ਵੈੱਬਸਾਇਟ ਤੋਂ ਵੀ ਪ੍ਰਾਪਤ ਕਰ ਸਕਦੇ ਹੋ।

## ਮੈਂ ਤਲਾਕ ਕਿਵੇਂ ਪ੍ਰਾਪਤ ਕਰ ਸਕਦੀ ਹਾਂ?

ਕੈਨੇਡਾ ਵਿੱਚ ਤਲਾਕ ਲਈ ਬੇਨਤੀ ਦੇਣ ਵਾਸਤੇ, ਤਲਾਕ ਲਈ ਬੇਨਤੀ ਦੇਣ ਤੋਂ ਬਿਲਕੁਲ ਪਹਿਲਾਂ ਤੁਹਾਡਾ ਅਤੇ ਤੁਹਾਡੇ ਪਤੀ ਜਾਂ ਪਤਨੀ ਦਾ ਘੱਟੋ ਘੱਟ ਇੱਕ ਸਾਲ ਲਈ ਕੈਨੇਡਾ ਵਿੱਚ ਰਹਿਣਾ ਲਾਜ਼ਮੀ ਹੈ। ਤੁਹਾਡੇ ਲਈ ਪਰਿਵਾਰਕ ਕਾਨੂੰਨ ਦੇ ਮਸਲਿਆਂ ਨਾਲ ਨਜਿੱਠਣ ਵਾਲੀ ਅਦਾਲਤ ਵਿੱਚ ਐਪਲੀਕੇਸ਼ਨ ਕਹੇ ਜਾਣ ਵਾਲੇ ਦਸਤਾਵੇਜ, ਇਕੱਠੇ ਕਰਕੇ ਤਲਾਕ ਲਈ ਬੇਨਤੀ ਕਰਨਾ ਲਾਜ਼ਮੀ ਹੈ। **ਡਿਵੋਰਸ ਲਈ ਐਪਲੀਕੇਸ਼ਨ (Application for Divorce)** ਅਦਾਲਤੀ ਕਾਰਵਾਈ ਨੂੰ ਸ਼ੁਰੂ ਕਰਦੀ ਹੈ ਅਤੇ ਸਮਝਾਉਂਦੀ ਹੈ ਕਿ ਤੁਸੀਂ ਚਾਹੁੰਦੇ ਹੋ ਕਿ ਅਦਾਲਤ ਕੀ ਫੈਸਲਾ ਕਰੇ ਅਤੇ ਕੀ ਹੁਕਮ ਦੇਵੇ।

ਤਲਾਕ ਲਈ ਬੇਨਤੀ ਦੇਣ ਵਾਸਤੇ ਤੁਹਾਨੂੰ ਤੁਹਾਡੇ ਪਤੀ ਜਾਂ ਪਤਨੀ ਦੀ ਆਗਿਆ ਦੀ ਲੋੜ ਨਹੀਂ ਹੈ। ਤੁਸੀਂ ਜਾਂ ਤੁਹਾਡਾ ਪਤੀ ਜਾਂ ਪਤਨੀ ਡਿਵੋਰਸ ਲਈ ਐਪਲੀਕੇਸ਼ਨ ਫਾਇਲ ਕਰ ਸਕਦੇ ਹੋ ਜਾਂ ਤੁਸੀਂ ਦੋਵੇਂ ਇਕੱਠੇ ਦਸਤਾਵੇਜਾਂ ਨੂੰ ਫਾਇਲ ਕਰ ਸਕਦੇ ਹੋ। ਇਸ ਨੂੰ **ਜੌਇੰਟ ਐਪਲੀਕੇਸ਼ਨ** ਕਿਹਾ ਜਾਂਦਾ ਹੈ। ਤੁਹਾਡੀ ਐਪਲੀਕੇਸ਼ਨ ਕੇਵਲ ਤਲਾਕ

ਦੀ ਮੰਗ ਕਰ ਸਕਦੀ ਹੈ, ਜਾਂ ਉਹ ਅਦਾਲਤ ਨੂੰ ਉਸੀ ਸਮੇਂ ਤੇ ਬੱਚੇ ਦੀ ਸਪੁਰਦਗੀ, ਬੱਚੇ ਅਤੇ ਪਤੀ ਜਾਂ ਪਤਨੀ ਲਈ ਮਾਲੀ ਸਹਾਇਤਾ ਅਤੇ ਪਰਿਵਾਰਕ ਸੰਪਤੀ ਦੀ ਵੰਡ ਕਿਵੇਂ ਕਰਨੀ ਹੈ ਬਾਰੇ ਫੈਸਲਾ ਕਰਨ ਲਈ ਕਹਿ ਸਕਦੀ ਹੈ। ਤੁਸੀਂ ਆਪਣੀ ਐਪਲੀਕੇਸ਼ਨ ਵਕੀਲ ਦੀ ਸਹਾਇਤਾ ਦੇ ਨਾਲ ਜਾਂ ਉਸ ਤੋਂ ਬਿਨਾਂ ਦਾਖਲ ਕਰ ਸਕਦੇ ਹੋ।

ਤਲਾਕ ਪ੍ਰਾਪਤ ਕਰਨ ਲਈ,ਤਹਾਡੇ ਲਈ ਇਹ ਦਿਖਾਉਣਾ ਜਰੂਰੀ ਹੈ ਕਿ ਤੁਹਾਡਾ ਵਿਆਹ ਟੁੱਟ ਗਿਆ ਹੈ ਅਤੇ ਅਜਿਹਾ ਕੋਈ ਸੰਜੋਗ ਨਹੀਂ ਹੈ ਕਿ ਤੁਸੀਂ ਮੁੜ ਕੇ ਇਕੱਠੇ ਹੋਵੋਗੇ। ਅਜਿਹਾ ਕਰਨ ਦੇ ਤਿੰਨ ਢੰਗ ਹਨ:

**1. "ਵੱਖਰੇ ਅਤੇ ਅਲੱਗ" ਰਹਿਣਾ**: ਤੁਹਾਡਾ ਵਿਆਹ ਟੁੱਟ ਗਿਆ ਹੈ ਦਿਖਾਉਣ ਦਾ ਸਭ ਤੋਂ ਆਮ ਢੰਗ ਹੈ ਘੱਟੋ ਘੱਟ **ਇੱਕ ਸਾਲ** ਲਈ ਆਪਣੇ ਪਤੀ ਜਾਂ ਪਤਨੀ ਤੋਂ "ਵੱਖਰੇ ਅਤੇ ਅਲੱਗ" ਰਹਿਣਾ। ਤੁਸੀਂ ਤਾਂ ਵੀ "ਵੱਖਰੇ ਅਤੇ ਅਲੱਗ" ਰਹਿ ਰਹੇ ਹੋ ਸਕਦੇ ਹੋ ਜੇ ਤੁਸੀਂ ਇੱਕੋ ਘਰ ਵਿੱਚ ਰਹਿਣਾ ਜਾਰੀ ਰੱਖਦੇ ਹੋ, ਜਦੋਂ ਤੱਕ ਕਿ ਹੁਣ ਤੁਸੀਂ ਇੱਕ ਵਿਆਹੇ ਹੋਏ ਜੋੜੇ ਦੀ ਤਰ੍ਹਾਂ ਵਰਤਾਵ ਨਾ ਕਰਦੇ ਹੋਵੋ। ਜੇ ਤੁਸੀਂ ਤੁਹਾਡੇ ਵੱਖਰੇ ਹੋਏ ਹੋਏ ਸਾਲ ਦੇ ਦੌਰਾਨ ਆਪਣੇ ਵਿਆਹ ਤੇ ਕੰਮ ਕਰਦੇ ਹੋ, ਜਦੋਂ ਤੱਕ ਕਿ ਤੁਸੀਂ 90 ਦਿਨਾਂ ਤੋਂ ਘੱਟ ਲਈ ਰਿਸ਼ਤੇ ਵਿੱਚ ਇਕੱਠੇ ਵਾਪਸ ਸੀ, ਤੁਹਾਨੂੰ ਹਲੇ ਵੀ ਵੱਖਰਾ ਹੀ ਮੰਨਿਆ ਜਾਏਗਾ।

ਤੁਸੀਂ ਆਪਣੇ ਪਤੀ ਜਾਂ ਪਤਨੀ ਨਾਲੋਂ ਵੱਖਰੇ ਹੁੰਦੇ ਸਾਰ ਹੀ ਤਲਾਕ ਲਈ ਬੇਨਤੀ ਦੇ ਸਕਦੇ ਹੋ, ਪਰ ਅਦਾਲਤ ਉਦੋਂ ਤੱਕ ਤਲਾਕ ਪਰਵਾਨ ਨਹੀਂ ਕਰੇਗੀ ਜਦੋਂ ਤੱਕ ਕਿ ਤੁਸੀਂ ਅਤੇ ਤੁਹਾਡਾ ਪਤਾ ਜਾਂ ਪਤਨੀ ਪੂਰੇ ਇੱਕ ਸਾਲ ਲਈ ਵੱਖਰੇ ਨਹੀਂ ਹੋਏ ਹੁੰਦੇ।

**2. ਬਦਕਾਰੀ**: ਤਲਾਕ ਲੈਣਾ ਤਾਂ ਵੀ ਸੰਭਵ ਹੋ ਸਕਦਾ ਹੈ ਜੇ ਤੁਹਾਡੇ ਵਿੱਚੋਂ ਕਿਸੇ ਇੱਕ ਨੇ ਬਦਕਾਰੀ ਕੀਤੀ ਹੈ। ਬਦਕਾਰੀ ਹੈ ਜਦੋਂ ਇੱਕ ਸ਼ਾਦੀ ਸ਼ੁਦਾ ਪਤੀ ਜਾਂ ਪਤਨੀ ਦਾ ਕਿਸੀ ਅਜਿਹੇ ਵਿਅਕਤੀ ਨਾਲ ਨਿਕਟਵਰਤੀ ਰਿਸ਼ਤਾ ਹੁੰਦਾ ਹੈ ਜਿਸ ਨਾਲ ਉਨ੍ਹਾਂ ਦਾ ਵਿਆਹ ਨਹੀਂ ਹੋਇਆ ਹੈ।

**3. ਦੁਰਵਿਹਾਰ/ਅੱਤਿਆਚਾਰ**: ਤੁਸੀਂ ਤਲਾਕ ਲਈ ਤਾਂ ਵੀ ਬੇਨਤੀ ਕਰ ਸਕਦੇ ਹੋ ਜੇ ਤੁਹਾਡਾ ਪਤੀ ਸਰੀਰਕ ਜਾਂ ਮਾਨਸਿਕ ਤੌਰ ਤੇ ਇੰਨਾਂ ਅੱਤਿਆਚਾਰੀ (ਦੁਰਵਿਹਾਰ ਕਰਨ ਵਾਲਾ) ਹੈ ਕਿ ਤੁਸੀਂ ਹੁਣ ਇਕੱਠੇ ਨਹੀਂ ਰਹਿ ਸਕਦੇ।

ਬਦਕਾਰੀ ਜਾਂ ਅੱਤਿਆਚਾਰ ਦੀ ਸੂਰਤ ਵਿੱਚ, ਤੁਹਾਨੂੰ ਤਲਾਕ ਪਰਵਾਨ ਕੀਤੇ ਜਾਣ ਤੋਂ ਪਹਿਲਾਂ ਇੱਕ ਸਾਲ ਦਾ ਇੰਤਜ਼ਾਰ ਕਰਨ ਦੀ ਲੋੜ ਨਹੀਂ ਹੈ। ਪਰ ਇੰਨ੍ਹਾਂ ਕਿਸਮਾਂ ਦੇ ਕੇਸਾਂ ਵਾਸਤੇ ਤੁਹਾਨੂੰ ਬਦਕਾਰੀ ਜਾਂ ਅੱਤਿਆਚਾਰ/ਦੁਰਵਿਹਾਰ ਦਾ ਸਬੂਤ ਦਿਖਾਉਣਾ ਪਏਗਾ, ਅਤੇ ਇਹ ਕੇਸ ਨੂੰ ਜਿਆਦਾ ਜਟਿਲ ਅਤੇ ਮਹਿੰਗਾ ਬਣਾ ਦਿੰਦਾ

ਹੈ। ਕਈ ਵਾਰੀ ਅਦਾਲਤੀ ਸਿਸਟਮ ਧੀਮਾ ਹੋ ਸਕਦਾ ਹੈ ਅਤੇ ਤਲਾਕ ਪ੍ਰਾਪਤ ਕਰਨ ਵਾਸਤੇ ਇੰਨ੍ਹਾਂ ਕਾਰਨਾਂ ਨੂੰ ਵਰਤਣਾ ਇਹ ਦਿਖਾਉਣ ਤੋਂ ਜਿਆਦਾ ਤੇਜ਼ ਨਹੀਂ ਹੋ ਸਕਦਾ ਕਿ ਤੁਸੀਂ ਘੱਟੋ ਘੱਟ ਇੱਕ ਸਾਲ ਵਾਸਤੇ "ਵੱਖਰੇ ਅਤੇ ਅਲੱਗ" ਰਹਿ ਰਹੇ ਹੋ। ਤੁਹਾਡੀ ਸਥਿਤੀ ਵਾਸਤੇ ਸਭ ਤੋਂ ਵਧੀਆ ਵਿਕਲਪ ਸਮਝਣ ਵਿੱਚ ਸਹਾਇਤਾ ਕਰਨ ਲਈ ਇੱਕ ਪਰਿਵਾਰਕ ਕਾਨੂੰਨ ਦੇ ਵਕੀਲ ਕੋਲੋਂ ਕਾਨੂੰਨੀ ਸਲਾਹ ਪ੍ਰਾਪਤ ਕਰਨਾ ਮਹੱਤਵਪੂਰਨ ਹੈ।

## ਕੀ ਦੂਸਰੇ ਦੇਸ਼ਾਂ ਵਿੱਚ ਦਿੱਤੇ ਗਏ ਤਲਾਕ ਕੈਨੇਡਾ ਵਿੱਚ ਕਾਨੂੰਨੀ ਤੌਰ ਤੇ ਜਾਇਜ਼ ਹਨ?

ਕਿਸੇ ਦੂਸਰੇ ਦੇਸ਼ ਵਿੱਚ ਹੋਏ ਤਲਾਕ ਨੂੰ ਕੈਨੇਡਾ ਵਿੱਚ ਕਾਨੂੰਨੀ ਤੌਰ ਤੇ ਜਾਇਜ਼ ਸਵੀਕਾਰ ਕਰਵਾਉਣ ਦੇ ਵੱਖ ਵੱਖ ਢੰਗ ਹਨ।

1. ਜੇ ਤੁਸੀਂ ਜਾਂ ਤੁਹਾਡਾ ਪਤੀ ਜਾਂ ਪਤਨੀ ਤੁਹਾਡੇ ਤਲਾਕ ਲਈ ਬੇਨਤੀ ਕਰਨ ਤੋਂ ਪਹਿਲਾਂ ਘੱਟੋ ਘੱਟ ਇੱਕ ਸਾਲ ਲਈ ਕਿਸੇ ਹੋਰ ਦੇਸ਼ ਵਿੱਚ ਰਹੇ ਸੀ, ਫਿਰ ਜੇ ਤਲਾਕ ਪਰਵਾਨ ਕੀਤਾ ਜਾਂਦਾ ਹੈ, ਤਾਂ ਉਸ ਨੂੰ ਕੈਨੇਡਾ ਵਿੱਚ ਕਾਨੂੰਨੀ ਤੌਰ ਤੇ ਜਾਇਜ਼ ਸਵੀਕਾਰ ਕੀਤਾ ਜਾਏਗਾ।

2. ਜੇ ਕਿਸੇ ਦੂਸਰੇ ਦੇਸ਼ ਵਿੱਚ ਤਲਾਕ ਲਈ ਬੇਨਤੀ ਕਰਨ ਵਾਲਾ ਵਿਅਕਤੀ ਇਹ ਸਾਬਤ ਕਰ ਸਕਦਾ ਹੈ ਕਿ ਉਨ੍ਹਾਂ ਦਾ ਉਸ ਦੇਸ਼ ਦੇ ਨਾਲ "ਅਸਲ ਅਤੇ ਠੋਸ ਸੰਬੰਧ" ਹੈ, ਫਿਰ ਜੇ ਤਲਾਕ ਪਰਵਾਨ ਕੀਤਾ ਜਾਂਦਾ ਹੈ, ਤਾਂ ਉਸ ਨੂੰ ਕੈਨੇਡਾ ਵਿੱਚ ਕਾਨੂੰਨੀ ਤੌਰ ਤੇ ਜਾਇਜ਼ ਸਵੀਕਾਰ ਕੀਤਾ ਜਾਏਗਾ, ਤਾਂ ਵੀ ਜੇ ਪਤੀ ਜਾਂ ਪਤਨੀ ਦੋਵਾਂ ਵਿੱਚੋਂ ਕੋਈ ਵੀ ਤਲਾਕ ਦੀ ਬੇਨਤੀ ਕਰਨ ਤੋਂ ਪਹਿਲਾਂ ਦੇਸ਼ ਵਿੱਚ ਇੱਕ ਸਾਲ ਲਈ ਨਾ ਰਿਹਾ ਹੋਏ।

ਇੱਕ ਦੇਸ਼ ਦੇ ਨਾਲ "ਅਸਲ ਅਤੇ ਠੋਸ ਸੰਬੰਧ" ਦਰਸ਼ਾਉਣ ਦੇ ਕੁਝ ਢੰਗ ਹਨ ਜੇ ਤੁਸੀਂ ਅਸਲ ਵਿੱਚ ਉਸ ਦੇਸ਼ ਤੋਂ ਹੋ ਅਤੇ ਜਦੋਂ ਤੁਹਾਡਾ ਰਿਸ਼ਤਾ ਖਤਮ ਹੋਇਆ ਤੁਸੀਂ ਵਾਪਸ ਉਥੇ ਚਲੇ ਗਏ, ਜਾਂ ਜੇ ਤਲਾਕ ਦੀ ਬੇਨਤੀ ਕਰਨ ਵਾਲਾ ਵਿਅਕਤੀ ਤਲਾਕ ਪਰਵਾਨ ਕਰਨ ਵਾਲੇ ਦੇਸ਼ ਵਿੱਚ ਜਮੀਨ ਦਾ ਮਾਲਕ ਹੈ ਜਾਂ ਉਸ ਦੇਸ਼ ਵਿੱਚ ਬਹੁਤ ਸਾਰਾ ਸਮਾਂ ਬਿਤਾਉਂਦਾ ਹੈ।

ਜੇ ਤੁਹਾਡਾ ਤਲਾਕ ਕਿਸੇ ਹੋਰ ਦੇਸ਼ ਵਿੱਚ ਹੋਇਆ ਸੀ, ਤਾਂ ਸੰਭਵ ਹੈ ਕਿ ਉਸ ਦਾ ਅਸਰ ਕੈਨੇਡਾ ਵਿੱਚ ਪਤੀ ਜਾਂ ਪਤਨੀ ਲਈ ਮਾਲੀ ਸਹਾਇਤਾ ਅਤੇ ਪਰਿਵਾਰਕ ਸੰਪਤੀ ਦੀ ਵੰਡ ਦੇ ਤੁਹਾਡੇ ਪਰਿਵਾਰਕ ਕਾਨੂੰਨ ਦੇ ਹੱਕਾਂ ਤੇ ਪਏ। ਜੇ ਤੁਹਾਡੇ ਅਜਿਹੇ ਤਲਾਕ ਬਾਰੇ ਚਿੰਤਾਵਾਂ ਹਨ ਜਿਹੜਾ ਦੂਸਰੇ ਦੇਸ਼ ਵਿੱਚ ਪਰਵਾਨ ਕੀਤਾ ਗਿਆ ਸੀ, ਤਾਂ ਇਥੇ ਇੱਕ ਪਰਿਵਾਰਕ ਕਾਨੂੰਨ ਦੇ ਵਕੀਲ ਨਾਲ ਗੱਲ ਕਰਨਾ ਇੱਕ ਚੰਗਾ ਵਿਚਾਰ ਹੈ।

ਜੇ ਤੁਹਾਡਾ ਤਲਾਕ ਕਿਸੇ ਹੋਰ ਦੇਸ਼ ਵਿੱਚ ਹੋਇਆ ਸੀ, ਅਤੇ ਤੁਸੀਂ ਕੈਨੇਡਾ ਵਿੱਚ ਕਿਸੇ ਹੋਰ ਨਾਲ ਵਿਆਹ ਕਰਨਾ ਚਾਹੁੰਦੇ ਹੋ, ਤਾਂ ਤੁਹਾਨੂੰ ਤੁਹਾਡੇ ਤਲਾਕ ਦਾ ਸਬੂਤ ਦਿਖਾਉਣਾ ਪਏਗਾ ਤਾਂ ਕਿ ਤੁਸੀਂ ਇਥੇ ਵਿਆਹ ਕਰ ਸਕੋ।

ਅਜਿਹਾ ਕਰਨ ਲਈ, ਤੁਹਾਡੇ ਕੋਲ ਡਿਵੋਰਸ ਆਰਡਰ ਦੀ ਇੱਕ ਕਾਨੂੰਨੀ ਕਾਪੀ ਹੋਣੀ ਚਾਹੀਦੀ ਹੈ। ਤੁਹਾਨੂੰ ਕੈਨੇਡਾ ਵਿੱਚ ਉਸ ਪ੍ਰਾਂਤ ਜਾਂ ਟੈਰੇਟਰੀ ਵਿੱਚ ਇੱਕ ਵਕੀਲ ਕੋਲੋਂ ਇੱਕ ਚਿੱਠੀ ਦੀ ਲੋੜ ਹੋਵੇਗੀ, ਜਿਹੜੀ ਕਹਿੰਦੀ ਹੈ ਕਿ ਤੁਹਾਡੇ ਤਲਾਕ ਨੂੰ ਕਨੇਡੀਅਨ ਕਾਨੂੰਨ ਦੇ ਹੇਠ ਮਾਨਤਾ ਦਿੱਤੀ ਜਾਏ।

ਜੇ ਡਿਵੋਰਸ ਆਰਡਰ ਅੰਗਰੇਜ਼ੀ ਜਾਂ ਫਰੈਂਚ ਵਿੱਚ ਨਹੀਂ ਹੈ, ਤਾਂ ਤੁਹਾਨੂੰ ਉਸ ਦਾ ਅਨੁਵਾਦ ਇੱਕ ਮਾਨਤਾ ਪ੍ਰਾਪਤ ਤਰਜਮਾਨ ਕੋਲੋਂ ਅੰਗਰੇਜ਼ੀ ਜਾਂ ਫਰੈਂਚ ਵਿੱਚ ਕਰਵਾਉਣਾ ਪਏਗਾ। ਵਕੀਲ ਵੀ ਇਸ ਵਿੱਚ ਤੁਹਾਡੀ ਸਹਾਇਤਾ ਕਰ ਸਕਦਾ ਹੈ।

## ਤਲਾਕ ਅਤੇ ਦੁਬਾਰਾ ਵਿਆਹ ਕਰਵਾਉਣ ਵਿੱਚ ਧਾਰਮਿਕ ਰੁਕਾਵਟਾਂ

ਅਦਾਲਤ ਅਜਿਹੇ ਜੋੜਿਆਂ ਲਈ ਕਾਨੂੰਨੀ ਤਲਾਕ ਪਰਵਾਨ ਕਰ ਸਕਦੀ ਹੈ ਜਿੰਨ੍ਹਾਂ ਦਾ ਵਿਆਹ ਇੱਕ ਸਿਵਲ ਜਾਂ ਧਾਰਮਿਕ ਵਿਧੀ ਨਾਲ ਹੋਇਆ ਸੀ। ਪਰ ਕਈ ਧਰਮ ਤਲਾਕ ਨੂੰ ਮਾਨਤਾ ਨਹੀਂ ਦਿੰਦੇ ਅਤੇ ਸੰਭਵ ਹੈ ਕਹਿਣ ਕਿ ਜੇਕਰ ਤੁਸੀਂ ਸਿਵਲ (ਗੈਰ-ਧਾਰਮਿਕ) ਤਲਾਕ ਪ੍ਰਾਪਤ ਕਰਦੇ ਹੋ, ਤਾਂ ਤੁਸੀਂ ਧਾਰਮਿਕ ਸਮਾਜ ਵਿੱਚ ਭਾਗ ਨਹੀਂ ਲੈ ਸਕਦੇ ਜਾਂ ਮੁੜ ਕੇ ਧਾਰਮਿਕ ਵਿਧੀ ਨਾਲ ਵਿਆਹ ਨਹੀਂ ਕਰਵਾ ਸਕਦੇ। ਕਨੇਡੀਅਨ ਪਰਿਵਾਰਕ ਕਾਨੂੰਨ ਤੁਹਾਨੂੰ ਤੁਹਾਡੇ ਧਰਮ ਦੇ ਅੰਦਰ ਵਿਆਹ ਕਰਨ ਦੇ ਹੱਕ ਨਹੀਂ ਦਿੰਦਾ। ਪਰ ਕਾਨੂੰਨੀ ਲੋੜਾਂ ਨੂੰ ਪੂਰਾ ਕਰਨ ਵਾਲੇ ਹਰ ਵਿਅਕਤੀ (ਉਪਰ ਸਮਝਾਇਆ ਗਿਆ ਹੈ) ਨੂੰ ਕੈਨੇਡਾ ਵਿੱਚ ਸਿਵਲ ਵਿਧੀ ਨਾਲ ਵਿਆਹ ਕਰਵਾਉਣ ਦਾ ਹੱਕ ਹੈ।

ਕਨੇਡੀਅਨ ਪਰਿਵਾਰਕ ਕਾਨੂੰਨ ਤੁਹਾਡੇ ਪਤੀ ਜਾਂ ਪਤਨੀ ਨੂੰ ਤੁਹਾਨੂੰ ਧਾਰਮਿਕ ਤਲਾਕ ਦੇਣ ਲਈ ਮਜਬੂਰ ਨਹੀਂ ਕਰ ਸਕਦਾ। ਪਰ ਕਨੇਡੀਅਨ ਕਾਨੂੰਨ ਇਹ ਜਰੂਰ ਕਹਿੰਦਾ ਹੈ ਕਿ ਪਤੀ ਜਾਂ ਪਤਨੀ ਧਾਰਮਿਕ ਤਲਾਕ ਦੇ ਵਾਇਦੇ ਜਾਂ ਇਨਕਾਰ ਨੂੰ ਪਰਿਵਾਰਕ ਕਾਨੂੰਨ ਦੇ ਮਾਮਲਿਆਂ ਵਿੱਚ ਆਪਣੀ ਗੱਲ ਮਨਵਾਉਣ ਦੀ ਕੋਸ਼ਿਸ਼ ਕਰਨ ਲਈ ਨਹੀਂ ਵਰਤ ਸਕਦੇ।

ਜੇ ਤੁਹਾਡਾ ਪੁਰਾਣੇ ਪਤੀ ਜਾਂ ਪਤਨੀ ਤੁਹਾਨੂੰ ਤੁਹਾਡੇ ਧਾਰਮਿਕ ਸਮਾਜ ਵਿੱਚ ਮੁੜ ਕੇ ਵਿਆਹ ਕਰਵਾਉਣ ਤੋਂ ਰੋਕਣ ਦੀ ਕੋਸ਼ਿਸ਼ ਕਰਦਾ ਹੈ, ਤਾਂ ਸੰਭਵ ਹੈ ਕਿ ਅਦਾਲਤ ਤੁਹਾਡੇ ਪੁਰਾਣੇ ਪਤੀ ਜਾਂ ਪਤਨੀ ਦੀ ਬੱਚਿਆਂ ਦੀ ਸਪੁਰਦਗੀ, ਮਾਲੀ ਸਹਾਇਤਾ ਦੇ ਭੁਗਤਾਨਾਂ ਜਾਂ ਪਰਿਵਾਰਕ ਸੰਪਤੀ ਦੀ ਵੰਡ ਦੀ ਪਰਿਵਾਰਕ ਕਾਨੂੰਨ ਦੀ ਬੇਨਤੀ ਤੇ ਫੈਸਲਾ ਕਰਨ ਤੋਂ ਇਨਕਾਰ ਕਰ ਦੇਵੇ।

## ਕਾਮਨ-ਲਾਅ (Common-Law) ਸਾਥੀਆਂ ਲਈ ਅਲਹਿਦਗੀ

ਰਿਸ਼ਤੇ ਵਿੱਚ ਇਕੱਠੇ ਰਹਿਣ ਵਾਲੇ, ਪਰ ਕਾਨੂੰਨੀ ਤੌਰ ਤੇ ਵਿਆਹ ਨਾ ਕਰਨ ਦੀ ਚੋਣ ਕਰਨ ਵਾਲੇ ਜੋੜਿਆਂ ਨੂੰ ਕਈ ਵਾਰੀ, **"ਕਾਮਨ-ਲਾਅ" (Common-Law)** ਸਾਥੀ ਕਿਹਾ ਜਾਂਦਾ ਹੈ। ਕਾਮਨ-ਲਾਅ ਸਾਥੀ ਇੱਕ ਦੂਸਰੇ ਤੋਂ ਵੱਖਰੇ ਹੋ ਕੇ ਆਪਣਾ ਰਿਸ਼ਤਾ ਖਤਮ ਕਰ ਸਕਦੇ ਹਨ। ਜੇ ਕਾਨੂੰਨੀ ਤੌਰ ਤੇ ਤੁਹਾਡਾ ਵਿਆਹ ਨਹੀਂ ਹੋਇਆ ਸੀ ਤਾਂ ਤੁਹਾਨੂੰ ਤਲਾਕ ਲੈਣ ਦੀ ਲੋੜ ਨਹੀਂ ਹੈ।

ਹਰ ਪ੍ਰਾਂਤ ਦੇ ਇਸ ਬਾਰੇ ਵੱਖ ਵੱਖ ਨਿਯਮ ਹਨ ਕਿ ਕਿਸ ਨੂੰ "ਕਾਮਨ-ਲਾਅ" ਸਾਥੀ ਮੰਨਿਆ ਜਾਂਦਾ ਹੈ, ਅਤੇ ਜਦੋਂ ਕਾਮਨ-ਲਾਅ ਸਾਥੀ ਵੱਖਰੇ ਹੁੰਦੇ ਹਨ ਤਾਂ ਉਨ੍ਹਾਂ ਦੇ ਪਰਿਵਾਰਕ ਕਾਨੂੰਨ ਦੇ ਕਿਹੜੇ ਹੱਕ ਹੁੰਦੇ ਹਨ। ਓਨਟਾਰਿਓ ਵਿੱਚ, ਕਾਮਨ-ਲਾਅ ਸਾਥੀ ਕੋਲ ਪਰਿਵਾਰਕ ਕਾਨੂੰਨ ਦੇ ਕੁਝ ਹੱਕ ਹੁੰਦੇ ਹਨ ਜੇ:

- ਉਹ 3 ਸਾਲ ਜਾਂ ਉਸ ਤੋਂ ਵੱਧ ਲਈ ਇਕੱਠੇ ਰਹਿ ਰਹੇ ਹੋਣ, ਜਾਂ
- ਉਨ੍ਹਾਂ ਦਾ ਆਪਸ ਵਿੱਚ ਇੱਕ ਬੱਚਾ ਹੈ ਅਤੇ ਉਹ ਸਥਿਰ ਰਿਸ਼ਤੇ ਵਿੱਚ ਰਹੇ ਹਨ।

ਓਨਟਾਰਿਓ ਵਿੱਚ ਕਾਮਨ-ਲਾਅ ਸਾਥੀਆਂ ਨੂੰ ਬੱਚਿਆਂ ਦੀ ਸਪੁਰਦਗੀ ਜਾਂ ਉਨ੍ਹਾਂ ਤੱਕ ਪਹੁੰਚ, ਬੱਚਿਆਂ ਲਈ ਮਾਲੀ ਸਹਾਇਤਾ, ਪਤੀ ਜਾਂ ਪਤਨੀ ਲਈ ਮਾਲੀ ਸਹਾਇਤਾ ਵਾਸਤੇ ਬੇਨਤੀ ਕਰਨ ਦਾ ਹੱਕ ਹੈ ਜਦੋਂ ਉਹ ਵੱਖਰੇ ਹੁੰਦੇ ਹਨ।

ਹਾਲਾਂਕਿ ਕਾਨੂੰਨ ਕਾਮਨ-ਲਾਅ ਰਿਸ਼ਤਿਆਂ ਨੂੰ ਬਹੁਤ ਸਾਰੇ ਤਰੀਕਿਆਂ ਨਾਲ ਮਾਨਤਾ ਦਿੰਦਾ ਹੈ, ਵਿਆਹੇ ਹੋਏ ਜੋੜਿਆਂ ਦੇ ਵੱਖਰੇ ਹੋਣ ਤੇ ਪਰਿਵਾਰਕ ਸੰਪਤੀ ਨੂੰ ਵੰਡਣ ਬਾਰੇ ਨਿਯਮ ਓਨਟਾਰਿਓ ਵਿੱਚ ਰਹਿ ਰਹੇ ਕਾਮਨ-ਲਾਅ ਸਾਥੀਆਂ ਤੇ ਲਾਗੂ ਨਹੀਂ ਹੁੰਦੇ। ਕੁਝ ਕੇਸਾਂ ਵਿੱਚ, ਜੇ ਤੁਸੀਂ ਇੱਕ ਕਾਮਨ-ਲਾਅ ਰਿਸ਼ਤਾ ਖਤਮ ਕਰ ਰਹੇ ਹੋ, ਤਾਂ ਸੰਭਵ ਹੈ ਕਿ ਅਦਾਲਤ ਇਹ ਹੁਕਮ ਦੇਵੇ ਕਿ ਤੁਹਾਨੂੰ ਅਜਿਹੀ ਪਰਿਵਾਰਕ ਸੰਪਤੀ ਵਿੱਚ ਹਿੱਸੇਦਾਰੀ ਦਾ ਹੱਕ ਹੈ ਜਿਸਦੇ ਮਾਲਕ ਤੁਸੀਂ ਆਪ ਨਹੀਂ ਹੋ।

## ਤੁਹਾਡੇ ਰਿਸ਼ਤੇ ਦੇ ਅੰਤ ਤੇ ਪਰਿਵਾਰਕ ਮਾਮਲਿਆਂ ਬਾਰੇ ਫੈਸਲੇ ਕਰਨਾ

ਭਾਵੇਂ ਤੁਸੀਂ ਵੱਖਰੇ ਹੋ ਰਹੇ ਹੋ ਜਾਂ ਤਲਾਕ ਲੈ ਰਹੇ ਹੋ, ਤੁਸੀਂ ਅਤੇ ਤੁਹਾਡਾ ਸਾਥੀ ਪੈਸਿਆਂ ਅਤੇ ਤੁਹਾਡੇ ਪਰਿਵਾਰ ਬਾਰੇ ਇੰਤਜ਼ਾਮ ਵਕੀਲਾਂ ਅਤੇ ਅਦਾਲਤ ਦੀ ਸਹਾਇਤਾ ਦੇ ਨਾਲ ਜਾਂ ਉਸ ਤੋਂ ਬਿਨਾਂ ਕਰ ਸਕਦੇ ਹੋ।

ਜੇ ਤੁਸੀਂ ਅਤੇ ਤੁਹਾਡਾ ਸਾਥੀ ਅਸਾਨੀ ਅਤੇ ਇਮਾਨਦਾਰੀ ਨਾਲ ਗੱਲ ਕਰ ਸਕਦੇ ਹੋ, ਤੁਸੀਂ ਆਪ ਆਪਣਾ ਸਮਝੌਤਾ ਤਿਆਰ ਕਰ ਸਕਦੇ ਹੋ ਕਿ ਤੁਹਾਡੇ ਪਰਿਵਾਰਕ ਕਾਨੂੰਨ ਦੇ ਮਸਲਿਆਂ ਜਿਵੇਂ ਕਿ ਬੱਚਿਆਂ ਦੀ ਕਸਟਡੀ ਅਤੇ ਪਹੁੰਚ, ਬੱਚਿਆਂ ਲਈ ਮਾਲੀ ਸਹਾਇਤਾ, ਪਤੀ ਜਾਂ ਪਤਨੀ ਲਈ ਮਾਲੀ ਸਹਾਇਤਾ ਅਤੇ ਪਰਿਵਾਰਕ ਸੰਪਤੀ ਦੇ ਵਿਭਾਜਨ, ਨੂੰ ਕਿਵੇਂ ਨਿਪਟਾਉਣਾ ਹੈ। ਆਪਣੇ ਸਮਝੌਤੇ ਨੂੰ ਤਾਰੀਕ ਦੇ ਨਾਲ

ਲਿਖਤੀ ਰੂਪ ਦੇਣਾ ਅਤੇ ਉਸ ਤੇ ਦੋਵੇਂ ਸਾਥੀਆਂ ਤੋਂ ਹਸਤਾਖਰ ਕਰਵਾਉਣਾ ਇੱਕ ਚੰਗਾ ਵਿਚਾਰ ਹੈ। ਇਹ ਸਭ ਤੋਂ ਵਧੀਆ ਹੈ ਜੇ ਹਰ ਸਾਥੀ ਵਕੀਲ ਕੋਲੋਂ ਸਮਝੌਤੇ ਦੀ ਜਾਂਚ ਕਰਵਾ ਲਏ ਅਤੇ ਉਸ ਨੂੰ ਅਦਾਲਤ ਵਿੱਚ ਫਾਇਲ ਕੀਤਾ ਜਾਏ। ਤੁਸੀਂ ਝਗੜਿਆਂ ਦੇ ਬਦਲਵੇਂ ਹੱਲਾਂ (ਅਦਾਲਤ ਤੋਂ ਬਾਹਰ ਕੀਤੇ ਗਏ ਸਮਝੌਤੇ) ਅਤੇ ਅਲਹਿਦਗੀ ਸਮਝੌਤਿਆਂ ਬਾਰੇ ਹੋਰ ਜਾਣਕਾਰੀ ਫਲਿਊ (FLEW) ਵੈੱਬਸਾਇਟ ਤੇ ਲੱਭ ਸਕਦੇ ਹੋ।

ਜੇ ਤੁਸੀਂ ਅਤੇ ਤੁਹਾਡਾ ਸਾਥੀ ਸਹਿਮਤ ਨਹੀਂ ਹੋ ਸਕਦੇ, ਜਾਂ ਜੇ ਰਿਸ਼ਤਾ ਦੁਰਵਿਹਾਰ ਵਾਲਾ ਹੈ ਜਾਂ ਸੀ, ਤਾਂ ਤੁਹਾਡੇ ਵਾਸਤੇ ਵਕੀਲ ਕਰਨਾ ਅਤੇ ਪਾਲਣ ਪੋਸ਼ਣ ਸੰਬੰਧੀ ਇੰਤਜ਼ਾਮਾਂ, ਮਾਲੀ ਸਹਾਰੇ ਅਤੇ ਪਰਿਵਾਰ ਦੀ ਸੰਪਤੀ ਨੂੰ ਕਿਵੇਂ ਵੰਡਣਾ ਹੈ ਬਾਰੇ ਮਸਲਿਆਂ ਦਾ ਨਿਪਟਾਰਾ ਕਰਨ ਲਈ ਅਦਾਲਤ ਜਾਣ ਬਾਰੇ ਸੋਚਣਾ ਜਿਆਦਾ ਸੁਰੱਖਿਅਤ ਹੈ।

*ਤਲਾਕ ਜਾਂ ਅਲਹਿਦਗੀ ਤੋਂ ਬਾਅਦ ਪਰਿਵਾਰਕ ਕਾਨੂੰਨ ਦੇ ਹੱਕਾਂ ਬਾਰੇ ਹੋਰ ਜਾਣਕਾਰੀ ਲਈ, "ਬੱਚਿਆਂ ਦੀ ਕਸਟਡੀ ਅਤੇ ਉਨ੍ਹਾਂ ਤੱਕ ਪਹੁੰਚ", "ਬੱਚਿਆਂ ਲਈ ਮਾਲੀ ਸਹਾਇਤਾ", "ਪਤੀ ਜਾਂ ਪਤਨੀ ਲਈ ਮਾਲੀ ਸਹਾਇਤਾ", "ਘਰੇਲੂ ਇਕਰਾਰਨਾਮੇ" ਅਤੇ "ਪਰਿਵਾਰਕ ਕਾਨੂੰਨ ਵਿੱਚ ਸੰਪਤੀ ਦਾ ਵਿਭਾਜਨ ਕਿਵੇਂ ਕੀਤਾ ਜਾਂਦਾ ਹੈ" ਬਾਰੇ ਸਾਡੇ ਕਿਤਾਬਚੇ ਦੇਖੋ।*

ਇੰਨ੍ਹਾਂ ਸਮੱਗਰੀਆਂ ਵਿੱਚ ਵਿਅਕਤ ਕੀਤੇ ਗਏ ਵਿਚਾਰ ਫਲਿਊ (FLEW) ਦੇ ਹਨ ਅਤੇ ਜਰੂਰੀ ਨਹੀਂ ਕਿ ਉਹ ਪ੍ਰਾਂਤ ਦੇ ਵਿਚਾਰਾਂ ਨੂੰ ਪ੍ਰਤੀਬਿੰਬਤ ਕਰਨ।

ਹਾਲਾਂਕਿ ਲਾਅ ਫਾਉਂਡੇਸ਼ਨ ਆਫ ਓਨਟਾਰਿਓ ਦੁਆਰਾ ਇਸ ਨੂੰ ਮਾਲੀ ਸਹਾਇਤਾ ਦਿੱਤੀ ਗਈ ਹੈ, ਜਰੂਰੀ ਨਹੀਂ ਕਿ ਇਸ ਪ੍ਰਕਾਸ਼ਨ ਦਾ ਵਿਸ਼ਾ ਵਸਤੂ ਫਾਉਂਡੇਸ਼ਨ ਦੇ ਵਿਚਾਰਾਂ ਨੂੰ ਪ੍ਰਤੀਬਿੰਬਤ ਕਰੇ।

**ਹਿੰਸਾ ਦਾ ਖਤਰਾ ਉਸ ਵੇਲੇ ਵੱਧ ਹੁੰਦਾ ਹੈ ਜਦੋਂ ਇੱਕ ਨਿਕਟਵਰਤੀ ਰਿਸ਼ਤਾ ਖਤਮ ਹੋ ਰਿਹਾ ਹੁੰਦਾ ਹੈ। ਜੇ ਤੁਹਾਨੂੰ ਫੌਰੀ ਖਤਰਾ ਹੈ, ਤਾਂ 911 ਨੂੰ ਫੋਨ ਕਰੋ। ਜੇ ਤੁਹਾਨੂੰ ਜਾਂ ਤੁਹਾਡੇ ਕਿਸੇ ਜਾਣਨ ਵਾਲੇ ਨੂੰ ਖਤਰਾ ਹੈ, ਤਾਂ ਸਹਾਰਾ ਪ੍ਰਾਪਤ ਕਰਨ ਬਾਰੇ ਜਾਣਕਾਰੀ ਵਾਸਤੇ ਫਲਿਊ (FLEW) ਵੈੱਬਸਾਇਟ ਤੇ ਜਾਓ।**

ਜੇ ਤੁਸੀਂ ਓਨਟਾਰਿਓ ਵਿੱਚ ਰਹਿ ਰਹੀ ਫਰੈਂਚ ਬੋਲਣ ਵਾਲੀ (francophone) ਔਰਤ ਹੋ, ਤਾਂ ਤੁਹਾਨੂੰ ਪਰਿਵਾਰਕ ਕਾਨੂੰਨ ਦੀਆਂ ਅਦਾਲਤੀ ਕਾਰਵਾਈਆਂ ਲਈ ਫਰੈਂਚ ਭਾਸ਼ਾ ਵਿੱਚ ਸੇਵਾਵਾਂ ਤੱਕ ਪਹੁੰਚ ਹਾਸਲ ਕਰਨ ਦਾ ਹੱਕ ਹੈ। ਆਪਣੇ ਹੱਕਾਂ ਬਾਰੇ ਜਾਣਕਾਰੀ ਲਈ ਇੱਕ ਵਕੀਲ, ਕਮਿਊਨਿਟੀ ਲੀਗਲ ਕਲੀਨਿਕ ਜਾਂ 1-877-336-243, ਟੀਟੀਵਾਏ 1-866-860-7082 ਤੇ ਫੇਮਏਡ (Femaide) ਸਪੋਰਟ ਲਾਇਨ ਨਾਲ ਸੰਪਰਕ ਕਰੋ।

ਤੁਸੀਂ ਫਰੈਂਚ ਵਿੱਚ ਸੇਵਾਵਾਂ ਕਿਵੇਂ ਪ੍ਰਾਪਤ ਕਰਨੀਆਂ ਹਨ ਬਾਰੇ ਹੋਰ ਜਾਣਕਾਰੀ www.onefamilylaw.ca ਤੇ ਸਾਡੀ ਵੈੱਬਸਾਇਟ ਤੇ ਜਾਂ www.undroitdefamille.ca ਤੇ ਲੱਭ ਸਕਦੇ ਹੋ।

## ਪੰਜਾਬੀ* ਵਿੱਚ ਉਪਲਬਧ ਪਰਿਵਾਰਕ ਕਾਨੂੰਨ ਦੇ ਵਿਸ਼ੇ

1. ਝਗੜਿਆਂ ਦਾ ਬਦਲਵਾਂ ਹੱਲ ਅਤੇ ਪਰਿਵਾਰਕ ਕਾਨੂੰਨ (PJB 001)
2. ਬੱਚਿਆਂ ਦੀ ਰੱਖਿਆ ਅਤੇ ਪਰਿਵਾਰਕ ਕਾਨੂੰਨ (PJB 002)
3. ਬੱਚਿਆਂ ਲਈ ਮਾਲੀ ਸਹਾਇਤਾ (PJB 003)
4. ਫੌਜਦਾਰੀ ਅਤੇ ਪਰਿਵਾਰਕ ਕਾਨੂੰਨ (PJB 004)
5. ਬੱਚਿਆਂ ਦੀ ਕਸਟਡੀ ਅਤੇ ਉਨ੍ਹਾਂ ਤੱਕ ਪਹੁੰਚ (PJB 005)
6. ਘਰੇਲੂ ਇਕਰਾਰਨਾਮੇ (PJB 006)
7. ਪਰਿਵਾਰਕ ਕਾਨੂੰਨ ਵਿੱਚ ਸਾਲਸੀ (PJB 007)
8. ਪ੍ਰਵਾਸੀ, ਰਫ਼ਿਊਜੀ ਅਤੇ ਗੈਰ-ਰੁਤਬਾ ਔਰਤਾਂ ਲਈ ਪਰਿਵਾਰਕ ਕਾਨੂੰਨ ਸੰਬੰਧੀ ਮਸਲੇ (PJB 008)
9. ਪਰਿਵਾਰਕ ਕਾਨੂੰਨ ਨਾਲ ਸੰਬੰਧਤ ਤੁਹਾਡੀ ਸਮੱਸਿਆ ਲਈ ਸਹਾਇਤਾ ਲੱਭਣਾ (PJB 009)
10. ਪਰਿਵਾਰਕ ਕਾਨੂੰਨ ਵਿੱਚ ਸੰਪਤੀ ਦਾ ਵਿਭਾਜਨ ਕਿਵੇਂ ਕੀਤਾ ਜਾਂਦਾ ਹੈ (PJB 010)
11. **ਵਿਆਹ ਅਤੇ ਤਲਾਕ (PJB 011)**
12. ਪਤੀ ਜਾਂ ਪਤਨੀ ਲਈ ਮਾਲੀ ਸਹਾਇਤਾ (PJB 012)

* *ਇਹ ਕਿਤਾਬਚਾ ਅਨੇਕ ਫਾਰਮੈਟਾਂ ਅਤੇ ਭਾਸ਼ਾਵਾਂ ਵਿੱਚ ਉਪਲਬਧ ਹੈ। ਕਿਰਪਾ ਕਰਕੇ ਹੋਰ ਜਾਣਕਾਰੀ ਲਈ www.onefamilylaw.ca ਦੇਖੋ। ਤੁਸੀਂ ਆਪਣੇ ਪਰਿਵਾਰਕ ਕਾਨੂੰਨ ਦੇ ਹੱਕਾਂ ਨੂੰ ਸਮਝਣ ਵਿੱਚ ਸਹਾਇਤਾ ਲਈ ਵੈੱਬਸਾਇਟ ਤੇ ਵਾਧੂ ਸਮੱਗਰੀ ਵੀ ਲੱਭ ਸਕਦੇ ਹੋ।*

flew Family Law Education for Women
Women's Right to Know

fodf Femmes ontariennes et droit de la fami le
Le droit de savoir

The Law Foundation of Ontario

Funded by: / Financé par :
Ontario

The views expressed in these materials are the views of FLEW and do not necessarily reflect the views of the funders.